ਬੱਚਿਆਂ ਲਈ ਬਾਈਬਲ

ਉੱਪਸਥਿਤ

# ਅਯਾਲੀ ਲੜਕਾ ਦਾਊਦ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਹੁਤ ਦਿਨ ਪਹਿਲਾਂ, ਇਸਰਾਏਲ ਦੇ ਬਾਦਸ਼ਾਹ ਸ਼ਾਊਲ ਦੇ ਦਿਨਾਂ ਵਿੱਚ, ਇੱਕ ਦਾਊਦ ਨਾ ਦੇ ਲੜਕੇ ਨੇ ਆਪਣੇ ਸੱਤ ਭਰਾਵਾਂ ਦੀ ਮਦਦ ਆਪਣੇ ਪਿਤਾ ਦੀਆਂ ਭੇਡਾਂ ਬੱਕਰੀਆਂ ਚਰਾ ਕੇ ਕੀਤੀ। ਭਾਵੇਂ ਉਹ ਛੋਟਾ ਸੀ, ਪਰ ਦਾਊਦ ਤਗੜਾ,ਬਹਾਦਰ ਲੜਕਾ ਜਿਹੜਾ ਪਰਮੇਸ਼ਵਰ ਨੂੰ ਪਿਆਰ ਕਰਦਾ ਅਤੇ ਉਸ ਉੱਤੇ ਭਰੋਸਾ ਕਰਦਾ ਸੀ। ਉਹ ਬੈਤਲਹਮ ਨਾ ਦੇ ਨਗਰ ਵਿੱਚ ਰਹਿੰਦਾ ਸੀ।



ਇੱਕ ਵਾਰ ਇੱਕ ਸ਼ੇਰ ਨੇ ਇੱਜ਼ੜ ਤੇ ਹਮਲਾ ਕਰ ਦਿੱਤਾ ਕੇ ਉਹ ਆਪਣੇ ਭੋਜਨ ਲਈ ਇੱਕ ਛੋਟੀ ਭੇਡ ਦਬੋਚ ਲਵੇ। ਜਵਾਨ ਦਾਊਦ ਨੇ ਹਮਲਾ ਕਰਨ ਵਾਲੇ ਤੇ ਹਮਲਾ ਕੀਤਾ। ਛੋਟੀ ਭੇਡ ਨੂੰ ਪਾਸੇ ਖਿੱਚ ਕੇ, ਉਸਨੇ ਉਸ ਭੜਕੇ ਹੋਏ ਜਾਨਵਰ ਨੂੰ ਉਸਦੀ ਦਾੜ੍ਹੀ ਤੋਂ ਫੜਿਆ ਅਤੇ ਮਾਰ ਦਿੱਤਾ। ਦਾਊਦ ਜਾਣਦਾ ਸੀ ਕੇ ਪਰਮੇਸ਼ਵਰ ਨੇ ਉਸਦੀ ਮਦਦ ਕੀਤੀ ਹੈ।



ਸੈਮੂਏਲ, ਪਰਮੇਸ਼ਵਰ ਦਾ ਨਬੀ, ਅਜੇ ਵੀ ਉਦਾਸ ਸੀ ਕੀ ਬਾਦਸ਼ਾਹ ਸ਼ਾਊਲ ਨੇ ਪਰਮੇਸ਼ਵਰ ਨੂੰ ਬੁਰੀ ਤ੍ਰਾਂ ਅਸਫ਼ਲ ਕਰ ਦਿੱਤਾ ਸੀ। "ਤੂੰ ਕਿੰਨੀ ਦੇਰ ਸ਼ਾਊਲ ਲਈ ਅਫ਼ਸੋਸ ਕਰੇਂਗਾ?" ਪਰਮੇਸ਼ਵਰ ਨੇ ਸੈਮੂਏਲ ਉੱਤੇ ਗੁੱਸਾ ਕੀਤਾ। "ਮੈਂ ਤੈਨੂੰ ਜੱਸੀ ਕੋਲ ਭੇਜ ਰਿਹਾ ਹਾਂ ... ਕੀ ਮੈਂ ਉਸਦੇ ਪੁੱਤਰਾਂ ਵਿੱਚੋਂ ਇੱਕ ਬਾਦਸ਼ਾਹ ਚੁਣਿਆ ਹੈ," ਜੱਸੀ ਦਾਊਦ ਦਾ ਪਿਤਾ ਸੀ।



ਇੱਥੋਂ ਤੱਕ ਸੈਮੂਏਲ ਜਾਣਦਾ ਸੀ ਕੇ ਬਾਦਸ਼ਾਹ ਸ਼ਾਊਲ ਉਸ ਨੂੰ ਹੋਰ ਬਾਦਸ਼ਾਹ ਲੱਭਣ ਜਾਣ ਤੇ ਮਾਰ ਦੇਵੇਗਾ, ਪਰ ਨਬੀ ਨੇ ਪਰਮੇਸ਼ਵਰ ਦੀ ਆਗਿਆ ਮੰਨੀ।





ਜਦ ਸੈਮੂਏਲ ਪਹੁੰਚਿਆ, ਜੱਸੀ ਨੇ ਆਪਣੇ ਸੱਤਾਂ ਪੁੱਤਰਾਂ ਨੂੰ ਉਸਦੇ ਸਾਹਮਣੇ ਲਿਆਂਦਾ। ਅਤੇ ਸੈਮੂਏਲ ਨੇ ਜੱਸੀ ਨੂੰ ਕਿਹਾ, "ਪਰਮੇਸ਼ਵਰ ਨੇ ਇਹਨਾਂ ਨੂੰ ਨਹੀ ਚੁਣਿਆ।" ਹੁਣ ਸਿਰਫ਼ ਸਭ ਤੋਂ ਛੋਟਾ ਦਾਊਦ ਹੀ ਰਹਿ ਗਿਆ ਸੀ। ਉਹ ਭੇਡਾਂ ਦੇ ਨਾਲ ਬਾਹਰ ਸੀ। ਉਹ ਦਾਊਦ ਨੂੰ ਅੰਦਰ ਲਿਆਏ। ਅਤੇ ਪਰਮੇਸ਼ਵਰ ਨੇ ਆਖਿਆ, "ਖੜ੍ਹਾ ਹੋ, ਇਸਦਾ ਅਭਿਸ਼ੇਕ ਕਰ; ਇਹੀ ਇੱਕ ਹੈ।"

ਸ਼ਾਊਲ ਦੇ ਮਹਿਲ ਵਿੱਚੋਂ, ਪਰਮੇਸ਼ਵਰ ਦਾ ਆਤਮਾਂ ਸ਼ਾਊਲ ਤੋਂ ਅਲੱਗ ਹੋ ਗਿਆ ਸੀ ਅਤੇ ਉਹ ਬਹੁਤ ਹੀ ਪਰੇਸ਼ਾਨ ਮਨੁੱਖ ਬਣ ਗਿਆ। ਉਸਦੇ ਦਾਸਾਂ ਨੇ ਸੋਚਿਆ ਸ਼ਾਇਦ ਅੱਛਾ ਸੰਗੀਤ ਸ਼ਾਊਲ ਦੇ ਦਿਮਾਗ ਨੂੰ ਸ਼ਾਤ ਕਰ ਸਕੇ। ਉਹਨਾਂ ਵਿੱਚੋਂ ਇੱਕ ਉਸ ਜਵਾਨ ਮਨੁੱਖ ਨੂੰ ਜਾਣਦਾ ਸੀ ਜਿਹੜਾ ਅੱਛੀ ਵੀਣਾ ਵਜਾਉਂਦਾ ਸੀ। ਕੀ ਤੁਸੀ ਅੰਦਾਜਾ ਲਗਾ ਸਕਦੇ ਹੋ ਕੇ ਉਹ ਜਵਾਨ ਮਨੁੱਖ ਕੌਣ ਸੀ? ਜੀਹਾਂ, ਦਾਊਦ।



ਦਾਊਦ ਦੀ ਵੀਣਾ ਨੇ ਸ਼ਾਊਲ ਨੂੰ ਸ਼ਾਤ ਕੀਤਾ ਅਤੇ ਉਸ ਨੂੰ ਸਹੀ ਸੋਚਣ ਵਿੱਚ ਸਹਾਇਤਾ ਕੀਤੀ। ਸ਼ਾਊਲ ਨੇ ਜੱਸੀ ਨੂੰ ਕਿਹਾ ਕੀ ਦਾਊਦ ਨੂੰ ਬਾਦਸ਼ਾਹ ਦੀ ਸੇਵਾ ਵਿੱਚ ਰਹਿਣ ਦੇ। ਜਦ ਜਦ ਸ਼ਾਊਲ ਨੂੰ ਡਰ ਲੱਗਦਾ ਜਾਂ ਉਦਾਸੀਨਤਾ ਦਾ ਆਤਮਾਂ ਸਤਾਉਂਦਾ, ਦਾਊਦ ਉਸਦੇ ਲਈ ਵੀਣਾ ਵਜਾਉਂਦਾ ਸੀ। ਇਹ ਮਦਦਗਾਰ ਸੀ।



ਦਾਊਦ ਦੇ ਘਰ ਜਾਣ ਤੋਂ ਬਾਅਦ, ਸ਼ਾਊਲ ਨੇ ਇੱਕ ਵੱਡੀ ਲ਼ੜਾਈ ਫ਼ਲਿਸਤੀਆਂ ਨਾਲ ਲੜੀ। ਦਾਊਦ ਦੇ ਭਰਾ ਸ਼ਾਊਲ ਦੀ ਸੈਨਾਂ ਵਿੱਚ ਲੜੇ। ਜੱਸੀ ਨੇ ਦਾਊਦ ਨੂੰ ਉਸਦੇ ਭਰਾਵਾਂ ਕੋਲ ਲੜਾਈ ਵਿੱਚ ਭੋਜਨ ਲੈਕੇ ਘੱਲਿਆ ਅਤੇ ਜਾਨਣ ਲਈ ਕੀ ਉਹ ਕਿਸ ਤ੍ਰਾਂ ਹਨ।



ਇੱਕ ਵੱਡੇ ਫ਼ਲਿਸਤੀਂ ਦਾਨਵ ਗ਼ੋਲੀਅਤ ਨੇ ਸਾਰੇ ਇਸਰਾਏਲੀ ਸਿਪਾਹੀਆਂ ਨੂੰ ਡਰਾ ਦਿੱਤਾ।



“ਆਪਣੇ ਵਿੱਚੋਂ ਮਨੁੱਖ ਚੁਣ ਲਵੋ,ਅਤੇ ਉਸ ਨੂੰ ਮੇਰੇ ਕੋਲ ਥੱਲੇ ਆਉਣ ਦਿਓ!” ਗੋਲੀਅਤ ਚਿਲਾਇਆ। “ਜੇਕਰ ਉਹ ਮੇਰੇ ਨਾਲ ਲੜ ਸਕੇ ਅਤੇ ਮੈਨੂੰ ਮਾਰ ਦਵੇ, ਤਦ ਅਸੀਂ ਤੁਹਾਡੇ ਦਾਸ ਹੋਵਾਂਗੇ। ਪਰ ਜੇਕਰ ਮੈਂ ਉਸ ਨੂੰ ਮਾਰ ਦਿੱਤਾ, ਤਦ ਤੁਸੀਂ ਸਾਡੇ ਦਾਸ ਹੋਵੋਂਗੇ ਅਤੇ ਸਾਡੀ ਸੇਵਾ ਕਰੋਂਗੇ।” ਇਸਰਾਏਲ ਦੇ ਸਾਰੇ ਮਨੁੱਖਾਂ ਨੇ ਜਦ ਉਸ ਦਾਨਵ ਨੂੰ ਵੇਖਿਆ,



ਉਸ ਤੋਂ ਭੱਜ ਗਏ ਅਤੇ ਭਿਆਨਕ ਤਰੀਕੇ ਨਾਲ ਡਰ ਗਏ।

ਤਦ ਦਾਊਦ ਨੇ ਸ਼ਾਊਲ ਨੂੰ ਆਖਿਆ, “ਮਨੁੱਖਾਂ ਦੇ ਦਿਲ ਉਸ ਦੇ ਕਾਰਨ ਘਬਰਾਉਣੇ ਨਹੀ ਚਾਹੀਦੇ; ਤੇਰਾ ਦਾਸ ਜਾਵੇਗਾ ਅਤੇ ਇਸ ਫ਼ਲਿਸਤੀ ਨਾਲ ਲੜੇਗਾ।” ਸ਼ਾਊਲ ਚਾਹੁੰਦਾ ਸੀ ਕੀ ਦਾਊਦ ਸ਼ਸਤਰ ਵਸਤਰ ਪਾਵੇ ਅਤੇ ਤਲਵਾਰ ਲਵੇ। ਉਸਦੀ ਜੁਗਾ ਦਾਊਦ ਨੇ ਆਪਣਾ ਗ਼ੋਫਨ ਲਿਆ ਅਤੇ ਪੰਜ ਚਿਕਨੇ ਪੱਥਰ ਕਿਦਰੋਨ ਵਿੱਚੋਂ ਲਏ।



ਗ਼ੋਲੀਅਤ ਹੱਸਿਆ ਜਦ ਉਸਨੇ ਵੇਖਿਆ ਕੇ ਉਸ ਜਵਾਨ ਦਾਊਦ ਨੇ ਤਾਂ ਸ਼ਸਤਰ ਬਸਤਰ ਵੀ ਨਹੀ ਪਹਿਨੇ ਹਨ। “ਮੈਂ ਤੇਰੇ ਮਾਸ ਨੂੰ ਆਕਾਸ਼ ਦੇ ਪੰਛੀਆਂ ਅਤੇ ਜੰਗਲੀ ਜਾਨਵਰਾਂ ਨੂੰ ਦੇਵਾਂਗਾ!” ਉਹ ਗਰਜਿਆ। “ਮੈਂ ਤੇਰੇ ਕੋਲ ਪ੍ਰਭੂ ਦੇ ਵਿੱਚ ਆਉਂਦਾ ਹਾਂ!” ਦਾਊਦ ਨੇ ਉੱਤਰ ਦਿੱਤਾ। “ਅੱਜ ਦੇ ਦਿਨ ਪ੍ਰਭੂ ਤੈਨੂੰ ਮੇਰੇ ਹੱਥੀ ਦੇਵੇਗਾ ... ਕਿਉਂ ਜੋ ਲ਼ੜਾਈ ਪ੍ਰਭੂ ਦੀ ਹੈ!”





ਤਦ ਦਾਊਦ ਗੋਲ਼ੀਅਤ ਵੱਲ ਨੂੰ ਸਿੱਧਾ ਭੱਜਿਆ। ਜਿਵੇਂ ਹੀ ਉਹ ਭੱਜਿਆ, ਉਸਨੇ ਇੱਕ ਪੱਥਰ ਆਪਣੇ ਗ਼ੋਫਨ ਨਾਲ ਸਿੱਧਾ ਗ਼ੋਲੀਅਤ ਦੇ ਮੱਥੇ ਵਿੱਚ ਮਾਰਿਆ। ਗ਼ੋਲੀਅਤ ਡਿੱਗ ਪਿਆ!

ਦਾਊਦ ਨੇ ਛੇਤੀ ਨਾਲ ਗੋਲ਼ੀਅਤ ਦੀ ਤਲਵਾਰ ਕੱਢੀ ਅਤੇ ਉਸ ਦਾ ਸਿਰ ਵੱਢ ਦਿੱਤਾ। ਜਦ ਫ਼ਲਿਸਤੀਆਂ ਨੇ ਵੇਖਿਆ ਗੋਲ਼ੀਅਤ ਮਰ ਗਿਆ, ਉਹ ਆਪਣੀ ਜਾਣ ਬਚਾਉਣ ਲਈ ਭੱਜੇ।



ਬਾਦਸ਼ਾਹ ਸ਼ਾਊਲ ਨੇ ਯਾਦ ਨਾ ਰੱਖਿਆ ਕੀ ਇਹ ਉਹੀ ਦਾਊਦ ਹੈ ਜਿਸ ਨੇ ਵੀਣਾ ਵਜਾ ਕੇ ਉਸ ਨੂੰ ਸ਼ਾਤ ਕੀਤਾ ਸੀ। ਉਸ ਨੇ ਦਾਊਦ ਨੂੰ ਆਪਣੀ ਸੈਨਾ ਦਾ ਮੁਖੀਆ ਬਣਾ ਦਿੱਤਾ - ਅਤੇ ਜਦ ਲੋਕਾਂ ਨੇ ਦਾਊਦ ਦੀਆਂ ਜਿੱਤਾਂ ਦਾ ਸਨਮਾਨ ਕੀਤਾ ਤਦ ਜਲਣ ਮਹਿਸੂਸ ਕੀਤੀ। "ਹੁਣ ਰਾਜ ਤੋਂ ਜਿਆਦਾ ਉਸ ਨੂੰ ਕੀ ਚਾਹੀਦਾ ਹੈ?" ਸ਼ਾਊਲ ਨੇ ਸੋਚਿਆ। ਤਾਂ ਸ਼ਾਊਲ ਦੀਆ ਅੱਖਾਂ ਦਾਊਦ ਤੋਂ ਉਸ ਦਿਨ ਬਾਅਦ ਫਿਰ ਗਈਆਂ।



ਇੱਕ ਵਾਰ ਫਿਰ ਬਾਦਸ਼ਾਹ ਦਾਊਦ ਦਾ ਦਿਮਾਗ ਪਰੇਸ਼ਾਨ ਹੋਇਆ। ਤਾਂ ਦਾਊਦ ਨੇ ਵੀਣਾ ਵਜਾ ਕੇ ਉਸ ਨੂੰ ਸ਼ਾਤ ਕਰਨ ਦੀ ਕੋਸ਼ੀਸ਼ ਕੀਤੀ। ਸ਼ਾਊਲ ਨੇ ਆਪਣਾ ਭਾਲਾ ਤਿੰਨ ਵਾਰ ਦਾਊਦ ਤੇ ਸੁੱਟਿਆ। ਪਰ ਦਾਊਦ ਹਰ ਵਾਰ ਬਚ ਗਿਆ। ਸ਼ਾਊਲ ਦਾਊਦ ਤੋਂ ਡਰ ਗਿਆ ਸੀ, ਕਿਉਂਕਿ ਉਹ ਜਾਣ ਗਿਆ ਸੀ ਕੀ ਪਰਮੇਸ਼ਵਰ ਉਸਦੇ ਨਾਲ ਹੈ, ਪਰ ਸ਼ਾਊਲ ਤੋਂ ਅਲੱਗ ਹੋ ਗਿਆ ਹੈ।



ਪਰ ਜੋਨਾਥਨ, ਸ਼ਾਊਲ ਦਾ ਪੁੱਤਰ, ਦਾਊਦ ਨੂੰ ਭਰਾ ਦੇ ਵਾਗੂੰ ਪਿਆਰ ਕਰਦਾ ਸੀ। “ਮੇਰਾ ਪਿਤਾ ਸ਼ਾਊਲ ਤੈਨੂੰ ਮਾਰਨ ਦੀ ਖੋਜ ਵਿੱਚ ਹੈ,” ਉਸਨੇ ਦਾਊਦ ਨੂੰ ਚੇਤਾਵਨੀ ਦਿੱਤੀ। ਤਾਂ ਦਾਊਦ ਬਚ ਗਿਆ। ਉਸਦੀ ਪਤਨੀ ਨੇ ਉਸ ਦੀ ਜੁਗਾ ਤੇ ਪੁਤਲਾ ਲਿਟਾ ਦਿੱਤਾ, ਅਤੇ ਦਾਊਦ ਨੂੰ ਅੱਧੀ ਰਾਤ ਦੇ ਵੇਲੇ ਖਿੜਕੀ ਵਿੱਚੋਂ ਉਤਾਰ ਦਿੱਤਾ। ਜਦ ਦਾਊਦ ਦੇ ਆਦਮੀ ਸਵੇਰ ਦੇ ਵੇਲੇ ਆਏ, ਦਾਊਦ ਚਲਾ ਗਿਆ ਸੀ।



ਦਾਊਦ ਨੇ ਸ਼ਾਊਲ ਕੋਲੋਂ ਬਹੁਤ ਦੂਰ ਭੱਜਣਾ ਸੀ। ਉਹ ਜਾਣ ਤੋਂ ਪਹਿਲਾਂ, ਉਸਨੇ ਅਤੇ ਜੋਨਾਥਨ ਨੇ ਇਕੱਠੇ ਵਾਚਾ ਬੰਨੀ। ਉਹਨਾਂ ਨੇ ਵਾਇਦਾ ਕੀਤਾ ਕੀ ਉਹ ਹਮੇਸ਼ਾਂ ਇੱਕ ਦੂਸਰੇ ਦੀ ਸਹਾਇਤਾ ਕਰਨਗੇ।



ਦੁੱਖ ਨਾਲ, ਦੋਨਾਂ ਦੋਸਤਾਂ ਨੇ ਅਲਵਿਦਾ ਆਖਿਆ। ਦਾਊਦ ਜੂਗਾ ਲੱਭਣ ਨੂੰ ਗਿਆ ਜਿੱਥੇ ਸ਼ਾਊਲ ਦੇ ਸਿਪਾਹੀ ਉਸ ਨੂੰ ਨਾ ਲੱਭ ਸਕਣ ਅਤੇ ਉਹ ਬਿਨਾਂ ਡਰ ਦੇ ਰਹਿ ਸਕੇ।



# ਅਯਾਲੀ ਲੜਕਾ ਦਾਊਦ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 16-20

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।

ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜ਼ੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16